# ਪੰਜਾਬ ਸਰਕਾਰ
## ਮਾਲ ਵਿਭਾਗ
## (ਭੌਂ ਮਾਲੀਆ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ।

ਮੀਮੋ ਨੰ: 25/128/99-ਭ.ਮ.2/88
ਚੰਡੀਗੜ੍ਹ ਮਿਤੀ 6.1.2000

**ਵਿਸ਼ਾ : ਮਾਲ ਰਿਕਾਰਡ ਜਮ੍ਹਾਂਬੰਦੀਆਂ, ਗਿਰਦਾਵਰੀਆਂ ਅਤੇ ਰੋਜ਼ਨਾਮਚੇ ਆਦਿ ਗੁੰਮ ਹੋਣ ਸਬੰਧੀ।**

ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਮਾਲ ਰਿਕਾਰਡ ਦੀ ਸਾਂਭ-ਸੰਭਾਲ ਨਿਯਮਾਂ ਅਨੁਸਾਰ ਨਹੀਂ ਕੀਤੀ ਜਾਂਦੀ ਜਿਸ ਕਰਕੇ ਬਹੁਤ ਸਾਰੇ ਮਹੱਤਵਪੂਰਣ ਦਸਤਾਵੇਜ਼ ਗੁੰਮ ਹੋ ਜਾਂਦੇ ਹਨ ਅਤੇ ਇੰਨ੍ਹਾਂ ਦੀ ਗੁੰਮਸ਼ੁਦਗੀ ਸਮੱਰਥ ਅਧਿਕਾਰੀ ਦੇ ਧਿਆਨ ਵਿੱਚ ਵੀ ਨਹੀਂ ਆਉਂਦੀ । ਮਾਲ ਰਿਕਾਰਡ ਅਚੱਲ ਜਾਇਦਾਦਾਂ ਸਬੰਧੀ ਮਹੱਤਵਪੂਰਣ ਹੈ ਅਤੇ ਇਸ ਦੀ ਗੈਰ ਹਾਜ਼ਰੀ ਵਿੱਚ ਸ਼ਰਾਰਤੀ ਅਨਸਰਾਂ ਵਲੋ ਨਜਾਇਜ਼ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਕਈ ਵਾਰੀ ਸਰਕਾਰੀ ਜਾਇਦਾਦਾਂ ਖੁਰਦ-ਬੁਰਦ ਹੋਣ ਦੇ ਮਾਮਲੇ ਵੀ ਸਾਹਮਣੇ ਆਏ ਹਨ ਜਿਨਾਂ ਵਿੱਚ ਅਜਿਹਾ ਰਿਕਾਰਡ ਮਹੱਤਵਪੂਰਣ ਸਬੂਤ ਹੁੰਦਾ ਹੈ। ਅਜਿਹੀ ਸਥਿਤੀ ਤੋ ਕਾਫੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਹੈ ਜੇਕਰ ਪੰਜਾਬ ਲੈਂਡ ਰਿਕਾਰਡ ਮੈਨੂੰਅਲ ਦੇ ਉਪਬੰਧਾਂ ਦੀ ਸਹੀ ਢੰਗ ਨਾਲ ਪਾਲਣਾ ਕੀਤੀ ਜਾਵੇ। ਮਾਲ ਰਿਕਾਰਡ ਦੀ ਗੁੰਮ-ਸ਼ੁਦਗੀ ਇੱਕ ਪਟਵਾਰੀ ਤੋ ਦੂਸਰੇ ਪਟਵਾਰੀ ਪਾਸ ਚਾਰਜ ਦੇਣ ਸਮੇ ਧਿਆਨ ਵਿੱਚ ਆ ਸਕਦੀ ਹੈ ਅਤੇ ਇਸ ਮੰਤਵ ਲਈ ਪੰਜਾਬ ਰਿਕਾਰਡਜ਼ ਮੈਨੂਅਲ ਦੇ ਪੈਰ੍ਹਾ 3.59 ਦੀ ਟੂੱਕ ਸਹੂਲਤ ਲਈ ਹੇਠਾਂ ਦੁਹਰਾਈ ਜਾਂਦੀ ਹੈ।

> "On resignation or transfer a Patwari is bound to make over his papers, records, equipment and the patwarkhana, if there is one in his circle, to his successor, who will forward to Deputy commissioner through his superiors a charge report showing the detail of the papers, record and equipment recieved, the condition of the Patwarkhana, if there is one, and also the date and place on which he received charge; but in case of dismissal or suspension a Patwari must make over charge to the Field Kanungo."

ਸਰਕਾਰ ਵਲੋ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਹੁਣ ਗੁੰਮਸ਼ੁਦਾ ਜਮ੍ਹਾਂਬੰਦੀਆ, ਅਤੇ ਰੋਜ਼ਨਾਮਚਿਆਂ ਦੀ ਮਿਤੀ-ਅੰਤ ਤੱਕ ਮੁਕੰਮਲ ਸੂਚੀ ਇਸ ਪੱਤਰ ਦੇ ਜਾਰੀ ਹੋਣ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਤਿਆਰ ਕੀਤੀ ਜਾਵੇ ਅਤੇ ਇੰਨਾਂ ਹਦਾਇਤਾਂ ਦੀ ਪਾਲਣਾ ਰਿਪੋਰਟ ਮੰਡਲ ਕਮਿਸ਼ਨਰ ਰਾਹੀਂ ਸਰਕਾਰ ਨੂੰ ਭੇਜੀ ਜਾਵੇ।

ਸਹੀ/-
ਅਧੀਨ ਸਕੱਤਰ, ਪੰਜਾਬ ਸਰਕਾਰ
ਮਾਲ ਵਿਭਾਗ

ਪਿੱਠ ਅੰਕਣ ਨੰ: 25/128/99-ਭ.ਮ.2/89 ਚੰਡੀਗੜ੍ਹ, ਮਿਤੀ 6.1.2000

ਉਤਾਰਾ ਰਾਜ ਦੇ ਸਮੂਹ ਮੰਡਲ ਕਮਿਸ਼ਨਰਾ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਅਤੇ ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੰਡਲ ਦੀ ਸੰਕਲਿਤ ਰਿਪੋਰਟ ਸਰਕਾਰ ਨੂੰ ਇੱਕ ਮਹੀਨੇ ਦੇ ਅੰਦਰ-ਅੰਦਰ ਭੇਜ ਦੇਣ ।

ਸਹੀ/-
ਅਧੀਨ ਸਕੱਤਰ, ਪੰਜਾਬ ਸਰਕਾਰ
ਮਾਲ ਵਿਭਾਗ